ਸ਼ਨਿੱਚਰਵਾਰ
27, ਫਰਵਰੀ 2010
15 ਫੱਗਣ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 317,
ਸਾਲ 25
Postal Regd. No.
PB/0007/09-2011

www.ajdiawaaz.com
ਪੰਜਾਬ ਦੀ ਉਮੀਦ
info@ajdiawaaz.com



ਸ਼ਹਿਰ ਤੇ ਆਸ-ਪਾਸ
ਵਿਕਾਸ ਕਾਰਜਾਂ ਲਈ 19 ਲੱਖ ਰੁਪੈ ਦੀ ਰਾਸ਼ੀ 3

ਸੰਪਾਦਕੀ
ਪਾਕਿਸਤਾਨ ਤੇ ਕੱਟੜਵਾਦ 4



ਦੇਸ਼ ਦੁਨੀਆਂ
ਨਕਾਣਾ ਸਾਹਿਬ ਨੂੰ ਵੈਟਿਕਨ ਸਿਟੀ ਵਰਗਾ ਦਰਜਾ 8

ਜਲੰਧਰ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੰਤ ਸਮਾਜ ਦੇ ਜਨਰਲ ਸਕੱਤਰ ਬਾਬਾ ਸੁਖਚੈਨ ਸਿੰਘ ਧਰਮਪੁਰਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ। (ਤਸਵੀਰ : ਕੁਲਦੀਪ ਸਿੰਘ/ਇਕਬਾਲ ਉਭੀ)

ਦੋ ਸਿੱਖਾਂ ਦੇ ਸਿਰ ਕਲਮ ਕਰਨ ਦੀ ਘਟਨਾ ਖਿਲਾਫ਼

ਸੰਤ ਸਮਾਜ, ਪੰਥਕ ਜਥੇਬੰਦੀਆਂ ਦਾ ਵਫ਼ਦ ਜਾਵੇਗਾ ਪਾਕਿ

ਪਾਕਿਸਤਾਨੀ ਸਿੱਖ ਭਾਈਚਾਰੇ ਦੀ ਬਾਂਹ ਫੜੀ ਜਾਵੇਗੀ

ਜਲੰਧਰ, 26 ਫਰਵਰੀ (ਆਵਾਜ਼ ਨਿਊਜ਼ ਸਰਵਿਸ)-ਦਮਦਮੀ ਟਕਸਾਲ ਦੇ ਮੁਖੀ ਅਤੇ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਅਤੇ ਸੰਤ ਸਮਾਜ ਦੇ ਜਨਰਲ ਸਕੱਤਰ ਸੰਤ ਬਾਬਾ ਸੁਖਚੈਨ ਸਿੰਘ ਧਰਮਪੁਰਾ ਨੇ ਇੱਕ ਸਾਂਝੇ ਬਿਆਨ ਵਿੱਚ ਪਾਕਿਸਤਾਨ ਵਿੱਚ ਦੋ ਸਿੱਖਾਂ ਦੀ ਬੇਰਹਿਮੀ ਨਾਲ ਹੋਏ ਕਤਲਾਂ ਬਾਰੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਮੁੱਚੀ ਕੌਮ ਲਈ ਦੁੱਖ ਅਤੇ ਰੋਸ ਦੀ ਘਟਨਾ ਹੈ। ਜਿਵੇਂ ਕਿ ਖਬਰਾਂ ਅਨੁਸਾਰ ਮੀਡੀਆ ਰਾਹੀਂ ਇਹ ਘਟਨਾ ਤਾਲਿਬਾਨ ਜਥੇਬੰਦੀ ਰਾਹੀਂ ਕੀਤੀ ਇਹ ਘਿਨਾਉਣੀ ਹਰਕਤ ਸਾਹਮਣੇ ਆਈ ਹੈ। ਸੰਤ ਸਮਾਜ ਨੇ ਕਿਹਾ ਕਿ ਪਾਕਿਸਤਾਨ ਵਿੱਚ ਉਥੋਂ ਦੀ ਸਰਕਾਰ ਅਤੇ ਹਥਿਆਰਬੰਦ ਬਾਗੀਆਂ ਦੀ ਲੜਾਈ ਵਿੱਚ ਸਿੱਖ ਕੋਈ ਧਿਰ ਨਹੀਂ ਹਨ। ਸਗੋਂ ਸ਼ਾਂਤਮਈ ਢੰਗ ਨਾਲ ਦਸਾਂ ਨਹੁੰਆਂ ਦੀ ਕਿਰਤ ਕਰਕੇ ਆਪਣੇ ਕਾਰੋਬਾਰ 'ਤੇ ਨਿਰਭਰ ਹਨ। ਇਸ ਤਰ੍ਹਾਂ ਸ਼ਾਂਤਮਈ ਢੰਗ ਨਾਲ ਵੱਸ ਰਹੇ ਲੋਕਾਂ ਦਾ ਕਤਲੇਆਮ ਕਰਨਾ ਮਾਨਵਤਾ ਪ੍ਰਤੀ ਗੰਭੀਰ ਧੱਬਾ ਹੈ। ਨਿਰਦੋਸ਼ ਲੋਕਾਂ ਦੇ ਕਾਤਲਾਂ ਨੂੰ ਆਖਰਕਾਰ ਰੱਬ ਦੇ ਦਰਬਾਰ ਅਤੇ ਦੁਨੀਆਂ ਦੀਆਂ ਨਜ਼ਰਾਂ ਵਿੱਚ ਸਜ਼ਾਵਾਂ ਮਿਲਣੀਆਂ ਤੈਅ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਸੰਸਾਰ ਦੀਆਂ ਵਿਲੱਖਣ (ਬਾਕੀ ਸਫਾ 2 'ਤੇ)

ਆਮ ਬਜਟ 2010-11 ਦੀਆਂ ਮੁੱਖ ਵਿਸ਼ੇਸ਼ਤਾਵਾਂ

ਨਵੀਂ ਦਿੱਲੀ, 26 ਫਰਵਰੀ (ਵਿਸ਼ਵ ਵਾਰਤਾ)- ਵਿੱਤ ਮੰਤਰੀ ਸ਼੍ਰੀ ਪ੍ਰਣਬ ਮੁਖਰਜੀ ਵੱਲੋਂ ਅੱਜ ਲੋਕ ਸਭਾ ਵਿੱਚ ਪੇਸ਼ਆਮ ਬਜਟ 2010-11 ਵਿੱਚ ਸਰਕਾਰ ਦੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ, ਪ੍ਰਮੁੱਖ ਖੇਤਰਾਂ ਵਿੱਚ ਰੱਖੇ ਗਏ ਖਰਚ ਅਤੇ ਮੁੱਖ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ-

-ਕੁੱਲ ਖਰਚਾ 11,08749 ਕਰੋੜ ਰੁਪਏ ਤਜਵੀਜ਼ ਕੀਤਾ ਗਿਆ ਹੈ ਜੋ ਪਿਛਲੇ ਸਾਲ ਨਾਲੋਂ 8.6 ਫੀਸਦੀ ਵਧੇਰੇ ਹੈ।

- ਯੋਜਨਾ ਖਰਚਿਆਂ ਲਈ 373092 ਕਰੋੜ ਰੁਪਏ ਅਤੇ ਗੈਰ ਯੋਜਨਾ ਖਰਚਿਆਂ ਲਈ 735657 ਕਰੋੜ ਰੁਪਏ ਰੱਖੇ ਗਏ ਹਨ।

-ਬਜਟ ਦਾ ਮਾਲੀ ਘਾਟਾ ਕੁੱਲ ਘਰੇਲੂ ਉਤਪਾਦ ਦੇ 5.5 ਫੀਸਦੀ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ ਜੋ 381408 ਕਰੋੜ ਰੁਪਏ ਬਣਦਾ ਹੈ।

-746.651 ਕਰੋੜ ਰੁਪਏ ਟੈਕਸ ਵਸੂਲਣ ਦੀ ਆਸ ਹੈ ।

-ਅਨਿਵੇਸ਼ ਸਕੀਮ ਰਾਹੀਂ 2500 ਕਰੋੜ ਰੁਪਏ ਤੱਕ ਵਧਾਇਆ ਜਾਵੇਗਾ।

-ਖੇਤੀਬਾੜੀ ਕਰਜ਼ੇ ਲਈ 325 ਤੋਂ 375 ਹਜ਼ਾਰ ਕਰੋੜ ਰੁਪਏ ਰੱਖੇ ਗਏ ਹਨ।

-ਫਸਲ ਕਰਜ਼ਿਆਂ ਦੀ ਸਮੇਂ ਸਿਰ ਅਦਾਇਗੀ ਕਰਨ ਵਾਲੇ ਕਿਸਾਨਾਂ ਨੂੰ ਵਿਆਜ ਵਿੱਚ ਦਿੱਤੀ ਗਈ ਛੋਟ ਇੱਕ ਫੀਸਦੀ ਤੋਂ ਵਧਾ ਕੇ 2 ਫੀਸਦੀ ਕਰ ਦਿੱਤੀ ਗਈ ਹੈ।

-ਬੁਨਿਆਦੀ ਢਾਂਚੇ ਦੇ ਵਿਕਾਸ ਲਈ 17,7552 ਕਰੋੜ ਰੁਪਏ ਰੱਖੇ ਗਏ ਹਨ ਜਿਹੜਾ ਕਿ ਕੁੱਲ ਬਜਟ ਦਾ 46 ਫੀਸਦੀ ਹਿੱਸਾ ਹੈ।

- ਸੜਕ ਆਵਾਜਾਈ ਖੇਤਰ ਲਈ ਬਜਟ ਵਿੱਚ 13 ਫੀਸਦੀ ਦਾ ਵਾਧਾ ਕੀਤਾ ਗਿਆ ਹੈ।

-ਬਿਜਲੀ ਖੇਤਰ ਲਈ 5,130 ਕਰੋੜ ਰੁਪਏ ਰੱਖੇ ਗਏ ਹਨ।

-ਬੁਨਿਆਦੀ ਢਾਂਚੇ ਦੇ ਵਿਕਾਸ ਲਈ ਨਵੇਂ ਟੈਕਸ (ਬਾਕੀ ਸਫਾ 2 'ਤੇ)

ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਧਾਉਣ 'ਤੇ ਵਿਰੋਧੀ ਦਲਾਂ ਵੱਲੋਂ ਵਾਕ ਆਊਟ

ਨਵੀਂ ਦਿੱਲੀ, 26 ਫਰਵਰੀ (ਵਿਸ਼ਵ ਵਾਰਤਾ)-ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਅੱਜ ਲੋਕ ਸਭਾ ਵਿਚ ਆਮ ਬਜਟ ਪੇਸ਼ ਕੀਤਾ। ਸਦਨ ਵਿਚ ਜਿਵੇਂ ਹੀ ਪ੍ਰਣਬ ਨੇ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਵਾਧੇ ਦਾ ਜ਼ਿਕਰ ਕੀਤਾ ਤਾਂ ਸਾਰੇ ਵਿਰੋਧੀ ਸਾਂਸਦ ਆਪਣੀ ਸੀਟ ਤੋਂ ਖੜ੍ਹੇ ਹੋ ਗਏ ਅਤੇ ਇਸ ਦੇ ਵਿਰੋਧ ਵਿਚ ਜ਼ੋਰਦਾਰ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਕੀਮਤਾਂ ਵਿਚ ਵਾਧੇ ਦੇ ਵਿਰੋਧ ਵਿਚ ਸਮੁੱਚਾ ਵਿਰੋਧੀ ਧਿਰ ਅਤੇ ਯੂ.ਪੀ.ਏ. ਸਰਕਾਰ ਨੂੰ ਬਾਹਰੋਂ ਸਮਰਥਨ ਦੇ ਰਹੇ ਸਮਾਜਵਾਦੀ ਪਾਰਟੀ, ਭਾਰਤੀ ਸਮਾਜ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਦੇ ਮੈਂਬਰ ਸਦਨ ਤੋਂ ਵਾਕ ਆਊਟ ਕਰ ਗਏ। ਵਿਰੋਧੀ ਧਿਰ ਨੇ ਦੋਸ਼ ਲਾਉਂਦਿਆਂ ਕਿਹਾ ਕਿ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਧਣ ਨਾਲ ਮਹਿੰਗਾਈ ਵਿਚ ਹੋਰ ਵਾਧਾ ਹੋਵੇਗਾ।

ਇਸ ਰੌਲੇ-ਰੱਪੇ ਦੌਰਾਨ ਵਿੱਤ ਮੰਤਰੀ ਪ੍ਰਣਬ ਮੁਖਰਜੀ ਬੱਸ ਇਹੀ ਕਹਿੰਦੇ ਹੋਏ ਸੁਣੇ ਗਏ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਧਾਉਣੀਆਂ ਜ਼ਰੂਰੀ ਹਨ। ਇਸ ਤੋਂ ਬਾਅਦ ਉਨ੍ਹਾਂ ਆਪਣਾ ਭਾਸ਼ਣ ਜਾਰੀ ਰੱਖਿਆ। ਵਰਣਨਯੋਗ ਹੈ ਕਿ ਸਰਕਾਰ ਨੇ ਪੈਟਰੋਲ ਤੇ ਡੀਜ਼ਲ 'ਤੇ ਕੇਂਦਰੀ ਉਤਪਾਦ ਟੈਕਸ ਵਿਚ ਪ੍ਰਤੀ ਲੀਟਰ 1-1 ਰੁਪਏ ਵਾਧੇ ਦਾ ਐਲਾਨ ਕੀਤਾ ਹੈ।

ਆਮ ਬਜਟ ਪੇਸ਼, ਗਰੀਬਾਂ ਨੂੰ ਕੋਈ ਰਾਹਤ ਨਹੀਂ

☛ਪੈਟਰੋਲ-ਡੀਜ਼ਲ ਮਹਿੰਗਾ, ਆਮਦਨ ਟੈਕਸ 'ਚ ਰਾਹਤ ☛ ਕਿਸਾਨਾਂ ਲਈ ਕਰਜ਼ਾ ਮੁਆਫ਼ੀ ਦੀ ਮਿਆਦ ਵਧੀ ☛ ਰੱਖਿਆ ਬਜਟ 'ਚ 4 ਫੀਸਦੀ ਵਾਧਾ

ਨਵੀਂ ਦਿੱਲੀ, 26 ਫਰਵਰੀ (ਵਿਸ਼ਵ ਵਾਰਤਾ)- ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਆਮਦਨ ਟੈਕਸ ਹੱਦ ਵਧਾ ਕੇ ਜਿਥੇ ਨੌਕਰੀ ਪੇਸ਼ਾ ਤਬਕੇ ਤੋਂ ਲੈ ਕੇ ਮੱਧ ਆਮਦਨ ਵਰਗ ਨੂੰ ਵੱਡੀ ਰਾਹਤ ਦਿੱਤੀ, ਉਥੇ ਉਤਪਾਦ ਤੇ ਸੀਮਾ ਟੈਕਸ ਨੂੰ ਵਧਾ ਕੇ ਮਹਿੰਗਾਈ ਨਾਲ ਪ੍ਰੇਸ਼ਾਨ ਆਮ ਜਨਤਾ ਦੀਆਂ ਚਿੰਤਾਵਾਂ ਨੂੰ ਹੋਰ ਵਧਾ ਦਿੱਤਾ ਹੈ। ਸੰਸਦ ਵਿਚ ਅੱਜ ਪੇਸ਼ ਸਾਲ 2010-11 ਦੇ ਆਮ ਬਜਟ ਵਿਚ ਵਿੱਤ ਮੰਤਰੀ ਨੇ ਆਮਦਨ ਟੈਕਸ ਦੀਆਂ ਦਰਾਂ ਵਿਚ ਤਾਂ ਕੋਈ ਤਬਦੀਲੀ ਨਹੀਂ ਕੀਤੀ, ਪਰ ਆਮਦਨ ਟੈਕਸ ਸਲੈਬ ਵਿਚ ਫੇਰ-ਬਦਲ ਦਾ ਐਲਾਨ ਕਰਕੇ ਆਮਦਨ ਟੈਕਸ ਕਰਦਾਤਾਵਾਂ ਨੂੰ ਰਾਹਤ ਦਿੱਤੀ। ਹੁਣ 1 ਲੱਖ 60 ਹਜ਼ਾਰ ਰੁਪਏ ਤੋਂ 5 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ 'ਤੇ 10 ਫੀਸਦੀ ਟੈਕਸ ਦੇਣਾ ਹੋਵੇਗਾ। ਇਸ ਤੋਂ ਇਲਾਵਾ ਪੰਜ ਲੱਖ ਤੋਂ ਅੱਠ ਲੱਖ ਰੁਪਏ ਤੱਕ ਦੀ ਆਮਦਨ 'ਤੇ 20 ਫੀਸਦੀ ਅਤੇ ਅੱਠ ਲੱਖ ਰੁਪਏ ਤੋਂ ਜ਼ਿਆਦਾ ਦੀ ਆਮਦਨ 'ਤੇ 30 ਫੀਸਦੀ ਦੀ ਦਰ ਨਾਲ ਟੈਕਸ ਲਗਾ ਕੇ ਮੱਧ ਵਰਗ ਦਾ ਦਿਲ ਲੁਭਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸ੍ਰੀ ਮੁਖਰਜੀ ਨੇ ਕਿਹਾ ਕਿ ਇਸ ਤਬਦੀਲੀ ਨਾਲ 60 ਫੀਸਦੀ ਟੈਕਸ ਦੇਣ ਵਾਲਿਆਂ ਨੂੰ ਲਾਭ ਹੋਵੇਗਾ ਅਤੇ ਸਰਕਾਰ ਨੂੰ 26 ਹਜ਼ਾਰ ਕਰੋੜ ਰੁਪਏ ਦਾ ਤਿਆਗ ਕਰਨਾ ਹੋਵੇਗਾ। ਇਸ ਤੋਂ ਉਲਟ ਪ੍ਰਣਬ ਨੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਿਚ ਵਾਧੇ ਦਾ ਐਲਾਨ ਕਰਕੇ ਆਮ ਆਦਮੀ ਦੀਆਂ ਚਿੰਤਾਵਾਂ ਨੂੰ ਹੋਰ ਵਧਾ ਦਿੱਤਾ ਹੈ। ਇਸ ਤੋਂ ਇਲਾਵਾ ਗੈਰ ਪੈਟਰੋਲੀਅਮ ਪਦਾਰਥਾਂ 'ਤੇ ਉਤਪਾਦ ਟੈਕਸ ਵਿਚ ਦੋ ਫੀਸਦੀ ਵਾਧਾ ਕਰਕੇ ਅੱਠ ਤੋਂ ਵਧਾ ਕੇ ਦਸ ਫੀਸਦੀ ਕਰ ਦਿੱਤਾ। ਬਜਟ ਦੇ ਕਾਰਨ ਜਿਥੇ ਪੈਟਰੋਲ-ਡੀਜ਼ਲ, ਸੀਮੇਂਟ, ਮੋਟਰ ਗੱਡੀਆਂ, ਸਿਗਰੇਟ, ਸੋਨਾ-ਚਾਂਦੀ, ਟੀ.ਵੀ., ਏ.ਸੀ. ਸਮੇਤ ਕਾਰਖਾਨਿਆਂ ਵਿਚ ਬਣਨ ਵਾਲੇ ਹੋਰ ਸਮਾਨ ਅਤੇ ਕੁਝ ਸੇਵਾਵਾਂ ਮਹਿੰਗੀਆਂ ਹੋਣਗੀਆਂ ਅਤੇ ਫੀਸ ਘੱਟ ਹੋਣ ਨਾਲ ਖਿਡੌਣੇ, ਦਵਾਈ ਉਪਕਰਨ, ਮੋਬਾਇਲ ਫੋਨ, ਖੇਤੀਬਾੜੀ ਤੇ ਖੁਰਾਕ ਖੇਤਰ ਦੀਆਂ ਮਸ਼ੀਨਾਂ ਅਤੇ ਸੜਕ ਨਿਰਮਾਣ ਦੇ ਯੰਤਰ ਸਸਤੇ ਹੋਣਗੇ। ਮੁਖਰਜੀ ਨੇ ਕਿਹਾ ਕਿ ਪ੍ਰਤੱਖ ਟੈਕਸਾਂ ਦੇ ਉਨ੍ਹਾਂ ਪ੍ਰਸਤਾਵਾਂ ਨਾਲ ਸਰਕਾਰੀ ਖਜ਼ਾਨੇ ਉਤੇ 26 ਹਜ਼ਾਰ ਕਰੋੜ ਰੁਪਏ ਦਾ ਬੋਝ ਪਵੇਗਾ, ਪਰ ਅਪ੍ਰਤੱਖ ਟੈਕਸ ਖੇਤਰ ਵਿਚ ਕੀਤੇ ਗਏ ਬਦਲਾਵਾਂ ਨਾਲ ਸਰਕਾਰ ਨੂੰ 46,500 ਕਰੋੜ ਰੁਪਏ ਦੀ ਪ੍ਰਾਪਤੀ ਹੋਵੇਗੀ। ਆਮ ਬਜਟ ਵਿਚ ਕਿਸਾਨਾਂ ਨੂੰ ਕਰਜ਼ਾ ਮੁਆਫ਼ੀ (ਵਿਆਜ) ਦੀ ਮਿਆਦ ਛੇ ਮਹੀਨੇ ਹੋਰ ਵਧਾਉਣ ਦਾ ਐਲਾਨ ਕੀਤਾ ਗਿਆ ਹੈ, ਨਾਲ ਹੀ ਕਰਜ਼ਾ ਸੀਮਾ 3 ਲੱਖ 25 (ਬਾਕੀ ਸਫਾ 2 'ਤੇ)

ਬਜਟ ਕਿਸਾਨ, ਗਰੀਬ ਵਿਰੋਧੀ -ਬਾਦਲ

ਚੰਡੀਗੜ੍ਹ 26 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਕੇਂਦਰੀ ਬਜਟ ਨੂੰ ਆਮ ਆਦਮੀ ਦੀ ਪਿਠ ਵਿਚ ਛੁਰਾ ਦੱਸਦੇ ਹੋਏ ਕਿਹਾ ਹੈ ਕਿ ਇਸ ਨਾਲ ਵਾਧੇ ਦੀ ਗਤੀ ਧੀਮੀ ਹੋਵੇਗੀ ਅਤੇ ਇਹ ਕਿਰਤੀ ਜਮਾਤ, ਮੁਲਾਜਮਾਂ, ਛੋਟੇ ਅਤੇ ਦਰਮਿਆਨੇ ਵਪਾਰੀਆਂ ਅਤੇ ਕਿਸਾਨਾਂ ਦੀ ਜੇਬ ਨੂੰ ਵੱਡਾ ਛਾਂਗਾ ਲਾਵੇਗਾ। ਉਹਨਾ ਕਿਹਾ ਕਿ ਇਹ ਪਹਿਲਾਂ ਹੀ ਗੁਰਬਤ ਦੀ ਜਿੰਦਗੀ ਹੰਡਾਅ ਰਹੀ ਕਿਸਾਨੀ ਦਾ ਲੱਕ ਤੋੜੇਗਾ। ਉਹਨਾ ਕਿਹਾ ਕਿ ਵਿੱਤ ਮੰਤਰੀ ਦੇ ਭਾਸ਼ਣ ਵਿਚਲੇ ਪ੍ਰਸਤਾਵਾਂ ਨਾਲ ਨੋਟ ਪਸਾਰਾ ਵਧੇਗਾ ਜਦਕਿ ਕੀਮਤਾਂ ਦੇ ਵਾਧੇ ਨਾਲ ਪਹਿਲਾਂ ਹੀ ਆਮ ਆਦਮੀ ਬੁਰੀ ਤਰ੍ਹਾਂ ਪ੍ਰਭਾਵਤ ਹੈ। ਅੱਜ ਇਥੇ ਜਾਰੀ ਇਕ ਬਿਆਨ ਵਿਚ ਸ. ਬਾਦਲ ਨੇ ਕਿਹਾ ਕਿ ਇਹ ਬਜਟ ਪੰਜਾਬ ਦੀਆਂ ਖਾਹਿਸ਼ਾਂ ਨੂੰ ਵੱਡਾ ਧੱਕਾ ਹੈ ਜਿਸ ਨੇ ਇਹ ਉਮੀਦ ਰੱਖੀ ਸੀ ਕਿ ਕਿਸਾਨ ਜਮਾਤ ਦੀ ਮਦਦ ਲਈ ਵੱਡਾ ਨਿਵੇਸ਼ ਕੀਤਾ ਜਾਵੇਗਾ ਅਤੇ ਰਾਜ ਦੇ ਉਦਯੋਗ ਨੂੰ ਸੰਕਟ ਵਿਚੋਂ ਕੱਢਿਆ ਜਾਵੇਗਾ ਜੋਕਿ ਪਹਿਲਾਂ ਹੀ ਗੁਆਂਢੀ ਰਾਜਾਂ ਨੂੰ ਰਿਆਇਤੀ ਪੈਕੇਜ ਦੇਣ ਕਾਰਨ ਲਗਾਤਾਰ ਸੰਕਟ ਦਾ ਸ਼ਿਕਾਰ ਹੋ ਰਿਹਾ ਹੈ। ਉਹਨਾ ਕਿਹਾ ਕਿ ਨੇੜਲੇ ਭਵਿੱਖ ਵਿਚ ਜਾਂ ਤਜਵੀਜਾਂ ਵਿਚ (ਬਾਕੀ ਸਫਾ 2 'ਤੇ)

ਰਾਜ ਸਭਾ ਦੀਆਂ 5 ਸੀਟਾਂ ਲਈ ਟਿਕਟ ਹਾਸਲ ਕਰਨ ਲਈ ਤਿੰਨ ਸਿਆਸੀ ਪਾਰਟੀਆਂ ਦੇ ਨੇਤਾ ਸਰਗਰਮ

ਚੰਡੀਗੜ੍ਹ, 26 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਵਿੱਚ ਰਾਜ ਸਭਾ ਦੀਆਂ ਪੰਜ ਸੀਟਾਂ ਦੀ ਚੋਣ ਦਾ 28 ਮਾਰਚ ਨੂੰ ਐਲਾਨ ਹੋਣ ਤੋਂ ਬਾਅਦ ਇਨ੍ਹਾਂ ਸੀਟਾਂ ਲਈ ਪੰਜਾਬ ਦੀਆਂ ਤਿੰਨ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੇ ਆਪਣੇ ਪਾਰਟੀ ਟਿਕਟ ਹਾਸਲ ਕਰਨ ਲਈ ਨੱਠ ਭੱਜ ਸ਼ੁਰੂ ਕਰ ਦਿੱਤੀ ਹੈ। ਖਾਲੀ ਹੋਣ ਵਾਲੀਆਂ ਪੰਜ ਸੀਟਾਂ ਤੇ ਰਾਜ ਵਿੱਚ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਪੰਜਾਬ ਵਿੱਚ ਕੁੱਲ ਪੰਚ ਰਾਜ ਸਭਾ ਦੀਆਂ ਸੀਟਾਂ ਖਾਲੀ ਹੋ ਰਹੀਆਂ ਸੀਟਾਂ ਦੀ ਚੋਣ 26 ਮਈ ਨੂੰ ਹੋਣੀ ਹੈ। ਉਸ ਦਿਨ ਪੰਜਾਬ ਵਿਧਾਨ ਸਭਾ ਦੇ ਬੱਜਟ ਸੈਸ਼ਨ ਦਾ ਆਖਰੀ ਦਿਨ ਹੋਣੇਗ। ਇਸ ਸਮੇਂ ਇਨ੍ਹਾਂ ਪੰਜ ਸੀਟਾਂ ਲਈ ਟਿਕਟ ਹਾਸਲ ਕਰਨ ਲਈ ਸ਼੍ਰੋਮਣੀ ਅਕਾਲੀ ਦਲ (ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸੀ ਨੇਤਾਵਾਂ ਵੱਲ ਆਪਣੀ-ਆਪਣੀ ਪਾਰਟੀ ਵਿੱਚ ਪੂਰੀ ਨੱਠ-ਭੱਜ ਕੀਤੀ ਹੋਈ ਹੈ। ਇਨ੍ਹਾਂ ਖਾਲੀ ਹੋ ਰਹੀਆਂ ਸੀਟਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਨਰੇਸ਼ ਗੁਜਰਾਲ ਅਤੇ ਵਰਿੰਦਰ ਸਿੰਘ ਬਾਜਵਾ ਦੇ ਰਿਟਾਇਰ ਹੋਣ ਤੋਂ ਬਾਅਦ ਖਾਲੀ ਹੋ ਰਹੀਆਂ ਹਨ। ਜਦੋਂ ਕਿ ਕਾਂਗਰਸ ਤਿੰਨ ਨੇਤਾਵਾਂ ਦਾ ਜਿਨ੍ਹਾਂਵਿੱਚ ਕੇਂਦਰੀ ਖੇਡ ਮੰਤਰੀ ਮਨੋਹਰ ਸਿੰਘ ਗਿੱਲ, ਧਰਮਪਾਲ ਸਭਰਵਾਲ, ਅਤੇ ਕੇਂਦਰੀ ਮੰਤਰੀ ਸ੍ਰੀ ਅਸ਼ਵਨੀ ਕੁਮਾਰ ਦੇ ਕਾਰਜਕਾਲ ਖਤਮ ਹੋਣ ਕਾਰਨ ਖਾਲੀ ਹੋ ਰਹੀਆਂ ਹਨ। ਜਿਨ੍ਹਾਂ ਵਾਸਤੇ ਕਾਂਗਰਸੀ ਨੇਤਾਵਾਂ ਵਿੱਚ ਸੀਟਾਂਹਾਸਲ ਕਰਨ ਲਈ ਪੂਰੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਪੰਜ ਸੀਟਾਂ ਵਿੱਚੋਂ ਅਕਾਲੀ ਭਾਜਪਾ ਸਰਕਾਰ ਦੇ ਤਿੰਨ ਸੀਟਾਂ ਹਾਸਲ ਕਰਨ ਦੀ ਸੰਭਾਵਨਾ ਹੈ, ਜਦੋਂ ਕਿ ਉਨ੍ਹਾਂ ਦੇ ਦੋ ਰਾਜ ਸਭਾ ਮੈਂਬਰਾਂ ਦਾ ਕਾਰਜਕਾਲ ਖਤਮ ਹੋ ਰਿਹਾ ਹੈ। ਜਦੋਂ ਕਿ ਕਾਂਗਰਸ ਦੇ ਤਿੰਨ ਰਾਜ ਸਭਾ ਮੈਂਬਰਾਂ ਦਾ ਕਾਰਜਕਾਲ ਖਤਮ ਹੋ ਰਿਹਾ ਹੈ। ਜਦੋਂ ਉਨ੍ਹਾਂ ਦੇ ਆਪੋਜ਼ੀਸ਼ਨ ਵਿੱਚ ਹੋਣ ਕਰਕੇ ਉਨ੍ਹਾਂ ਨੂੰ ਦੋ ਸੀਟਾਂ ਮਿਲਣ ਦੀ ਸੰਭਾਵਨਾ ਹੈ। ਕਾਂਗਰਸ ਦੇ ਦਿੱਲੀ ਹਾਈ ਕਮਾਂਡ ਦੇ ਦਫਤਰ ਵਿੱਚ ਕਾਂਗਰਸੀ ਨੇਤਾਵਾਂ ਵੱਲੋਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਕਾਂਗਰਸ ਵੱਲੋਂ ਮੌਜੂਦਾ ਮੈਂਬਰ ਅਤੇ ਕੇਂਦਰੀ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਦੁਆਰਾ ਰਾਜ ਸਭਾ ਲਈ ਭੇਜਣ ਦਾ ਫੈਸਲਾ ਕੀਤਾ ਜਾ ਰਿਹਾ ਹੈ। ਕਿਉਂਕਿ ਰਾਸ਼ਟਰ ਮੰਡਲ ਖੇਡਾਂ ਕਾਰਨ ਸਰਕਾਰ ਸ੍ਰ. ਗਿੱਲ ਨੂੰ ਖੇਡ ਮੰਤਰੀ ਦੇ ਮੌਜੂਦਾ ਅਹੁਦੇ 'ਤੇ ਕਾਇਮ ਰੱਖਣਾ ਚਾਹੁੰਦੀ ਹੈ, ਜਦੋਂ ਕਿ ਪਾਰਟੀ ਨੂੰ ਦੂਸਰੀ ਸੀਟ (ਬਾਕੀ ਸਫਾ 2 'ਤੇ)

ਪਾਕਿ ਵਿਦੇਸ਼ ਸਕੱਤਰ ਨੇ ਕੀਤੀ ਕ੍ਰਿਸ਼ਨਾ ਨਾਲ ਮੁਲਾਕਾਤ

ਨਵੀਂ ਦਿੱਲੀ, 26 ਫਰਵਰੀ (ਵਿਸ਼ਵ ਵਾਰਤਾ)-ਪਾਕਿਸਤਾਨ ਦੇ ਵਿਦੇਸ਼ ਸਕੱਤਰ ਸਲਮਾਨ ਬਸ਼ੀਰ ਨੇ ਅੱਜ ਵਿਦੇਸ਼ ਮੰਤਰੀ ਐਸ. ਐਮ. ਕ੍ਰਿਸ਼ਨਾ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਦੋਨਾਂ ਨੇਤਾਵਾਂ ਵਿਚਾਲੇ ਦੁਵੱਲੇ ਸਬੰਧਾਂ ਉਤੇ ਚਰਚਾ ਹੋਈ। ਆਪਣੀ ਭਾਰਤੀ ਹਮ ਅਹੁਦਾ ਨਿਰੂਪਮਾ ਰਾਓ ਨਾਲ ਗੱਲਬਾਤ ਵਿਚ ਹਿੱਸਾ ਲੈਣ ਲਈ ਨਵੀਂ ਦਿੱਲੀ ਆਏ ਬਸ਼ੀਰ ਨੇ ਲਗਪਗ ਅੱਧਾ ਘੰਟਾ ਸ੍ਰੀ ਕ੍ਰਿਸ਼ਨਾ ਨਾਲ ਗੱਲਬਾਤ ਕੀਤੀ। ਮੰਨਿਆ ਜਾ ਰਿਹਾ ਹੈ ਕਿ ਇਸ ਮੁਲਾਕਾਤ ਵਿਚ ਕੱਲ੍ਹ ਹੋਈ ਵਿਦੇਸ਼ ਸਕੱਤਰ ਦੀ ਵਾਰਤਾ ਬਾਰੇ ਸਮੀਖਿਆ ਵੀ ਕੀਤੀ ਗਈ। ਇਸ ਦੌਰਾਨ ਭਾਰਤੀ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਸਲਮਾਨ ਬਸ਼ੀਰ ਨੂੰ ਜ਼ੋਰ ਦੇ ਕੇ ਕਿਹਾ ਕਿ ਭਾਰਤ ਪਾਕਿਸਤਾਨ ਨਾਲ ਚੰਗੇਰੇ ਰਿਸ਼ਤੇ ਬਣਾਉਣ ਦਾ ਚਾਹਵਾਨ ਹੈ। ਇਸ ਲਈ ਪਾਕਿਸਤਾਨ ਨੂੰ ਅੱਤਵਾਦ ਪ੍ਰਤੀ ਸਖ਼ਤ ਤੋਂ ਸਖ਼ਤ ਕਾਰਵਾਈ ਕਰਨੀ ਹੋਵੇਗੀ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਵਿਦੇਸ਼ ਸਕੱਤਰ ਸਲਮਾਨ ਬਸ਼ੀਰ ਨੇ ਕੱਲ੍ਹ ਭਰੋਸਾ ਦਿੱਤਾ ਸੀ ਕਿ ਪਾਕਿਸਤਾਨ ਭਾਰਤ ਨਾਲ ਸੰਪੂਰਨ ਗੱਲਬਾਤ ਲਈ ਤਿਆਰ ਹੈ ਅਤੇ ਉਸ ਵੱਲੋਂ 26 ਨਵੰਬਰ ਦੇ ਹਮਲਿਆਂ ਉਤੇ ਕਾਫੀ ਕੰਮ ਕੀਤਾ ਗਿਆ ਹੈ। ਵਰਨਣਯੋਗ ਹੈ ਕਿ ਕੱਲ੍ਹ 14 ਮਹੀਨੇ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਵਿਦੇਸ਼ ਸਕੱਤਰ ਦੀ ਵਾਰਤਾ ਹੋਈ ਸੀ ਜਿਸ ਵਿਚ ਭਾਰਤ ਨੇ ਪਾਕਿਸਤਾਨ ਨੂੰ ਤਿੰਨ ਡੋਜ਼ੀਅਰ ਸੌਂਪੇ ਸਨ। ਡੋਜ਼ੀਅਰ ਵਿਚ 34 ਅੱਤਵਾਦੀਆਂ ਦੇ ਨਾਮ ਹਨ। ਇਸ ਤੋਂ ਇਲਾਵਾ ਭਾਰਤ ਨੇ ਪਾਕਿਸਤਾਨ ਵਿਚ ਵਸਦੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਵੀ ਮੰਗ ਕੀਤੀ ਸੀ।

ਈ.ਟੀ.ਟੀ. ਬੇਰੁਜ਼ਗਾਰ ਅਧਿਆਪਕਾਂ ਦਾ ਸੰਘਰਸ਼ ਬੇਤੁਕਾ

ਪੰਜਾਬ ਨੇ ਸਿੱਖਿਆ ਖੇਤਰ 'ਚ ਮਾਰੀਆਂ ਇਤਿਹਾਸਕ ਮੱਲ੍ਹਾ-ਬੈਂਸ

ਚੰਡੀਗੜ੍ਹ 26 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)- ਈ.ਟੀ.ਟੀ. ਸਿੱਖਿਆ ਪ੍ਰਾਪਤ ਬੇਰੁਜ਼ਗਾਰਾਂ ਵੱਲੋਂ ਨੌਕਰੀਆਂ ਲੈਣ ਲਈ ਕੀਤਾ ਜਾ ਰਿਹਾ ਸੰਘਰਸ਼ ਬੇਤੁਕਾ, ਨਜਾਇਜ਼ ਅਤੇ ਗੈਰ-ਕਾਨੂੰਨੀ ਹੈ ਕਿਉਂਕਿ ਸਭ ਰਾਜ ਸਰਕਾਰਾਂ ਰਾਸ਼ਟਰ ਦੀ ਨੀਤੀ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਦੀਆਂ ਵਿੱਦਿਆ ਪ੍ਰਦਾਨ ਕਰਨ ਸਬੰਧੀ ਹਦਾਇਤਾਂ ਅਨੁਸਾਰ ਅਧਿਆਪਕ ਅਤੇ ਵਿਦਿਆਰਥੀ ਦੇ 1:40 ਦੇ ਮੌਜੂਦਾ ਅਨੁਪਾਤ ਅਨੁਸਾਰ ਹੀ ਅਧਿਆਪਕ ਭਰਤੀ ਕਰ ਸਕਦੀ ਹੈ। ਇਸ ਤਰ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਨਾਲੋਂ ਵੱਧ ਅਧਿਆਪਕ ਭਰਤੀ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕੇਗਾ ਅਤੇ ਰਾਜ ਸਕਰਾਰ ਨੂੰ ਅਦਾਲਤਾਂ ਵਿੱਚ ਵੀ ਮੂੰਹ ਦੀ ਖਾਣੀ ਪਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਮੁੱਖ ਮੰਤਰੀ, ਪੰਜਾਬ ਜੀ ਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਅਜ਼ਾਦ ਭਾਰਤ ਦੇ ਇਤਿਹਾਸ ਵਿੱਚ ਬੇਮਿਸਾਲ ਤੇ ਰਿਕਾਰਡ ਤੋੜ ਭਰਤੀਆਂ ਅਤੇ ਤਰੱਕੀਆਂ ਕੀਤੀਆਂ ਹਨ ਅਤੇ ਸਕੂਲਾਂ ਵਿੱਚ ਲੋੜੀਂਦਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਹੈ ਜਿਸ ਸਦਕਾ ਰਾਸ਼ਟਰੀ ਸਿੱਖਿਆ ਵਿਕਾਸ ਇਨਡੈਕਸ ਅਨੁਸਾਰ ਪੰਜਾਬ ਰਾਜ, ਪੂਰੇ ਭਾਰਤ ਵਿੱਚ ਪਹਿਲੇ ਨੰਬਰ ਤੇ ਹੈ। ਉਹਨਾਂ ਦੱਸਿਆ ਕਿ ਵਿਦਿਆ ਵਿਭਾਗ ਨੇ ਆਪਣੇ ਤਿੰਨ ਸਾਲਾਂ ਦੇ ਹੁਣ ਤਕ ਦੇ ਕਾਰਜਕਾਲ ਦੌਰਾਨ ਨਿਰੋਲ ਮੈਰਿਟ ਦੇ ਆਧਾਰ ਤੇ 26666 ਅਧਿਆਪਕ ਭਰਤੀ ਕੀਤੇ ਹਨ ਅਤੇ ਹੋਰ 7654 ਅਧਿਆਪਕਾਂ ਨੂੰ ਅਪਰੈਲ ਮਹੀਨੇ ਤੱਕ ਨਿਯੁਕਤੀ ਪੱਤਰ ਦੇਣ ਦੀ ਪ੍ਰਕਿਆ ਚਲ ਰਹੀ ਹੈ। ਇਸ ਤੋਂ ਇਲਾਵਾ 1168 ਹਿੰਦੀ ਟੀਚਰ, 560 ਅਧਿਆਪਕ ਰਾਸ਼ਟਰੀ ਮਾਧਮਿਕ ਸਿੱਖਿਆ ਸਕੀਮ ਅਧੀਨ ਅਤੇ 42 ਉਰਦੂ ਅਧਿਆਪਕਾਂ ਦੀ ਭਰਤੀ ਪਕਿਰਿਆ ਵੀ ਸ਼ੁਰੂ ਕਰਨ ਦੇ ਹੁਕਮ ਕੀਤੇ ਗਏ ਹਨ। ਉਕਤ ਤੋਂ ਇਲਾਵਾ 5000 ਦੇ ਕਰੀਬ ਅਧਿਆਪਕਾਂ ਨੂੰ ਵੱਖਸ਼ਵੱਖ ਅਹੁਦਿਆਂ ਲਈ ਤਰੱਕੀਆਂ ਦਿੱਤੀਆਂ ਜਾ ਚੁੱਕੀਆਂ ਹਨ ਜਦ ਕਿ 1500 ਅਧਿਆਪਕਾਂ ਦੀਆਂ ਤਰੱਕੀਆਂ ਦੇ ਹੋਰ ਕੇਸ ਵਿਚਾਰੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਿੱਖਿਆ ਵਿਭਾਗ ਦੀਆਂ ਪ੍ਰਾਪਤੀਆਂ ਦੇਸ਼ ਦੇ ਸਾਰੇ (ਬਾਕੀ ਸਫਾ 2 'ਤੇ)

ਹਰਿਆਣਾ ਸਾਹਿਤ ਅਕਾਦਮੀ ਦੁਆਰਾ 'ਨਵੋਦਿਤ ਰਚਨਾਕਾਰ ਪੁਰਸਕਾਰ ਸਮਾਰੋਹ' 4 ਮਾਰਚ ਨੂੰ

ਚੰਡੀਗੜ੍ਹ, 26 ਫਰਵਰੀ (ਡਾ. ਸਵਾਸਤਿਕ ਸ਼ਰਮਾ)- ਹਰਿਆਣਾ ਸਾਹਿਤ ਅਕਾਦਮੀ ਦੁਆਰਾ 4 ਮਾਰਚ, 2010 ਨੂੰ ਅਕਾਦਮੀ ਭਵਨ, ਪੰਚਕੂਲਾ ਵਿਚ "ਨਵੋਦਿਤ ਰਚਨਾਕਾਰ ਪੁਰਸਕਾਰ ਸਮਾਰੋਹ" ਆਯੋਜਿਤ ਕੀਤਾ ਜਾ ਰਿਹਾ ਹੈ । ਅਕਾਦਮੀ ਦੇ ਇਕ ਬੁਲਾਰੇ ਨੇ ਅੱਜ ਇੱਥੇ ਇਹ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਸੂਚਨਾ, ਜਨ ਸੰਪਰਕ ਅਤੇ ਸਭਿਆਚਾਰਕ ਮਾਮਲੇ ਵਿਭਾਗ, ਹਰਿਆਣਾ ਦੇ ਮੁੱਖ ਸਾਂਸਦੀ ਸਕੱਤਰ ਸੁਸ੍ਰੀ ਸ਼ਾਰਦਾ ਰਾਠੌਰ ਇਸ ਸਮਾਰੋਹ ਵਿਚ ਮੁੱਖ ਮਹਿਮਾਨ ਹੋਣਗੇ ਅਤੇ ਉੱਚੇਰੀ ਸਿੱਖਿਆ ਕਮਿਸ਼ਨਰ ਸ੍ਰੀਮਤੀ ਸਰੋਜ ਸਿਵਾਚ ਸਮਾਰੋਹ ਦੀ ਪ੍ਰਧਾਨਗੀ ਕਰੇਗੀ। ਮਹਿਲਾ ਕਮਿਸ਼ਨ, ਹਰਿਆਣਾ ਦੀ ਪ੍ਰਧਾਨ ਸੁਸ੍ਰੀ ਸੁਸ਼ੀਲਾ ਸ਼ਰਮਾ ਸਮਾਰੋਹ ਵਿਚ ਮੁੱਖ ਮਹਿਮਾਨ ਹੋਵੇਗੀ। ਇਸ ਮੌਕੇ 'ਤੇ 'ਦਸਤਕ 2009' ਪੁਸਤਕ ਦੀ ਘੁੰਡ ਚੁਕਾਈ ਵੀ (ਬਾਕੀ ਸਫਾ 2 'ਤੇ)

ਸੜਕ ਹਾਦਸੇ ਵਿੱਚ ਦੋ ਨੌਜਵਾਨ ਹਲਾਕ ਇੱਕ ਗੰਭੀਰ ਜ਼ਖਮੀ

ਪੁੱਤਰ ਦੀ ਮੌਤ ਦਾ ਸਮਾਚਾਰ ਸੁਣ ਕੇ ਮਾਂ ਵੀ ਦਮ ਤੋੜ ਗਈ

ਨਾਭਾ, 26 ਫਰਵਰੀ (ਰਾਜਿੰਦਰ ਸਿੰਘ ਕਪੂਰ)-ਅੱਜ ਸਵੇਰੇ ਕਰੀਬ 9.30 ਵਜੇ ਦੌਰਾਨ ਦੋ ਨੌਜਵਾਨ ਲੜਕਿਆਂ ਦੀ ਮੌਤ ਅਤੇ ਇੱਕ ਦੇ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁੱਤਰ ਦੀ ਮੌਤ ਦੀ ਖਬਰ ਸੁਣ ਕੇ ਇੱਕ ਮ੍ਰਿਤਕ ਦੀ ਮਾਂ ਵੀ ਚੱਲ ਵਸੀ। ਪ੍ਰਾਪਤ ਜਾਣਕਾਰੀ ਅਨੁਸਾਰ ਤਿੰਨ ਨੌਜਵਾਨ ਗੌਰਵ ਬਾਂਸਲ ਪੁੱਤਰ ਨਰਿੰਦਰ ਕੁਮਾਰ, ਨਾਹੁਲ ਕਰਮ ਪੁੱਤਰ ਤਰਸੇਮ ਲਾਲ ਅਤੇ ਨਿਰਭੈ ਸਿੰਘ ਪੁੱਤਰ ਦਰਸ਼ਨ ਸਿੰਘ ਇੱਕ ਐਕਟੀਵਾ ਨੰਬਰ ਪੀ.ਬੀ. 11 ਏ.ਕੇ. 2579 'ਤੇ ਸਵਾਰ ਹੋ ਕੇ ਗੋਬਿੰਦਗੜ੍ਹ ਜਾ ਰਹੇ ਸਨ ਤਾਂ ਰੋਹਟੀ ਪੁਲ ਨੇੜੇ ਇੱਕ ਤੇਜ਼ ਰਫਤਾਰ ਬਲੈਰੋ ਗੱਡੀ ਦੀ ਫੇਟ ਵੱਜਣ ਨਾਲ ਗਿਰ ਗਏ, ਉਸੇ ਵੇਲੇ ਪਿੱਛੋਂ ਆ ਰਿਹਾ ਟਰੱਕ ਨੰਬਰ ਪੀ.ਬੀ. 23 7365 ਇਨ੍ਹਾਂ ਉਪਰੋਂ ਲੰਘ ਗਿਆ। ਜਿਸ ਕਾਰਨ ਨਾਹੁਲ ਗਰਗ, ਜਿਸ ਦਾ ਅੱਜ ਜਨਮ ਦਿਨ ਵੀ ਸੀ, ਮੌਕੇ 'ਤੇ ਮੌਤ ਹੋ ਗਈ। ਦੂਜੇ ਜ਼ਖਮੀ ਗੌਰਵ ਬਾਂਸਲ, ਜੋ ਮਾਪਿਆਂ ਦਾ ਇੱਕਲੌਤਾ ਪੁੱਤਰ ਸੀ, ਦੀ ਗੰਭੀਰ ਹਾਲਤ ਦੇਖਦੇ ਹੋਏ ਮੁੱਢਲੀ ਡਾਕਟਰੀ ਸਹਾਇਤਾ ਦੇ ਕੇ (ਬਾਕੀ ਸਫਾ 2 'ਤੇ)

ਭਾਰਤ ਤੇ ਦੱਖਣੀ ਅਫ਼ਰੀਕਾ ਵਿਚਾਲੇ ਤੀਸਰਾ ਵਨ-ਡੇ ਅੱਜ

ਜਲੰਧਰ, 26 ਫਰਵਰੀ (ਕਮਲਜੀਤ ਥਾਬਲਕੇ)-ਸੀਰੀਜ਼ ਅਤੇ ਆਈ.ਸੀ.ਸੀ. ਵਨਡੇ ਰੈਕਿੰਗ ਵਿੱਚ ਦੂਸਰਾ ਨੰਬਰ ਪਹਿਲਾਂ ਹੀ ਆਪਣੇ ਨਾਮ ਕਰ ਚੁੱਕੀ ਭਾਰਤੀ ਟੀਮ ਕੱਲ੍ਹ ਰਸਮੀ ਤੌਰ 'ਤੇ ਤੀਸਰੇ ਇੱਕ ਦਿਵਸੀ ਮੈਚ ਵਿੱਚ ਦੱਖਣੀ ਅਫ਼ਰੀਕਾ ਦਾ ਸਫਾਇਆ ਕਰਨ ਦੇ ਇਰਾਦੇ ਨਾਲ ਉਤਰੇਗੀ। ਤਿੰਨ ਦੀ ਮੈਚਾਂ ਦੀ ਸੀਰੀਜ਼ ਵਿਚ ਇਸ ਸਮੇਂ ਭਾਰਤੀ ਟੀਮ 2-0 ਨਾਲ ਅੱਗੇ ਚੱਲ ਰਹੀ ਹੈ।

ਮੇਜ਼ਬਾਨ ਟੀਮ ਵਿੱਚ ਚੈਂਪੀਅਨ ਬੱਲੇਬਾਜ਼ ਸਚਿਨ ਤੇਂਦੁਲਕਰ ਅਤੇ ਵੀਰੇਂਦਰ ਸਹਿਵਾਗ ਸਮੇਤ ਕਈ ਸਟਾਰ ਖਿਡਾਰੀ ਨਹੀਂ ਹਨ। ਗਵਾਲੀਅਰ ਵਿੱਚ ਦੂਸਰੇ ਵਨਡੇ ਵਿੱਚ 200 ਦੌੜਾਂ ਬਣਾ ਕੇ ਇਤਿਹਾਸ ਰਚਣ ਵਾਲੇ ਤੇਂਦੁਲਕਰ ਨੂੰ ਇਸ ਮੈਚ ਵਿੱਚ ਆਰਾਮ ਦਿੱਤਾ ਗਿਆ ਹੈ। ਦੂਸਰੇ ਪਾਸੇ ਲਗਾਤਾਰ ਦੋ ਮੈਚ ਹਾਰ ਚੁੱਕੀ ਦੱਖਣੀ ਅਫ਼ਰੀਕਾ ਕੋਲ ਇਸ ਮੈਚ ਨੂੰ ਜਿੱਤਣ ਦਾ ਸੁਨਿਹਰੀ ਮੌਕਾ ਹੋਵੇਗਾ ਕਿਉਂਕਿ ਭਾਰਤ ਦੇ ਚੋਟੀ ਦੇ ਬੱਲੇਬਾਜ਼ ਨਹੀਂ ਖੇਡ ਰਹੇ ਹਨ।

ਕਿਸਾਨਾਂ ਵੱਲੋਂ ਪਾਰਲੀਮੈਂਟ ਦਾ ਘਿਰਾਓ 8 ਨੂੰ

ਜਗਰਾਉਂ, 26 ਫਰਵਰੀ (ਵਿਸ਼ਵ ਵਾਰਤਾ)-ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਮੇਹਲੋ ਨੇ ਅੱਜ ਜਗਰਾਉਂ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 8 ਮਾਰਚ ਨੂੰ ਦੇਸ਼ ਭਰ ਦੇ ਕਿਸਾਨ ਭਰਾਵਾਂ ਦੀ ਪਾਰਲੀਮੈਂਟ ਦਾ ਘਿਰਾਓ ਕਰਨ ਲਈ ਪੰਜਾਬ ਤੋਂ ਰਵਾਨਾ ਹੋਣਗੇ ਜਿਹੜੇ 9 ਮਾਰਚ ਨੂੰ ਦਿਲੀ ਧਰਨਾ ਦੇਣਗੇ ਕਿਉਂਕਿ ਕੇਂਦਰ ਸਰਕਾਰ ਨੇ ਕਿਸਾਨਾਂ ਦੀ ਜਿਣਸਾਂ ਦੇ ਭਾਅ ਵਧਾਉਣ ਦੀ ਕੋਈ ਕੋਸ਼ਿਸ਼ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਕੌਮੀ ਪ੍ਰਧਾਨ ਚੌਧਰੀ ਮਹਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਕੀਤੇ ਜਾ ਰਹੇ ਘਿਰਾਓ ਸਮੇਂ ਪੰਜਾਬ 'ਚੋਂ ਯੂਨੀਅਨ ਪ੍ਰਧਾਨ ਅਜਮੇਰ ਸਿੰਘ ਲੱਖੋਵਾਲ ਦੀ ਅਗਵਾਈ ਹੇਠ ਹਜ਼ਾਰਾਂ ਕਿਸਾਨ 8 ਮਾਰਚ ਨੂੰ ਦਿੱਲੀ ਲਈ ਪੰਜਾਬ ਦੇ ਵੱਖ ਵੱਖ ਰੇਲਵੇ ਸਟੇਸ਼ਨਾਂ ਤੋਂ ਰਵਾਨਾ ਹੋਣਗੇ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਪਾਰਲੀਮੈਂਟ ਦਾ ਘਿਰਾਓ ਕਰਕੇ ਕਿਸਾਨ ਮੰਗ ਕਰਨਗੇ ਕਿ ਕਣਕ ਦਾ ਮੁੱਲ 2250 ਰੁਪਏ ਕਰਨ ਦੇ ਨਾਲ ਪੰਜਾਬ ਦੇ ਕਿਸਾਨ ਨੂੰ ਕਰਜ਼ਾ ਸਸਤੀਆਂ ਦਰਾਂ ਤੇ ਦਿੱਤਾ ਜਾਵੇ ਕਿਉਂਕਿ ਸਰਕਾਰ ਨੇ 10 ਫੀਸਦੀ ਖਾਦ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਕਿਸਾਨਾਂ ਤੇ ਆਰਥਿਕ ਬੋਝ ਪਾਇਆ ਹੈ। ਸਾਧੂ ਸਿੰਘ ਤਖਤੂਪੁਰਾ ਦੇ ਕਾਤਲਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕਰਨ ਦੇ ਨਾਲ ਜ਼ਿਲ੍ਹਾ ਪ੍ਰਧਾਨ ਨੇ ਇਸ ਕਾਤਲ ਕਾਂਡ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਵੀ ਕੀਤੀ। ਉਨ੍ਹਾਂ (ਬਾਕੀ ਸਫਾ 2 'ਤੇ)

ਕਾਬੁਲ 'ਚ ਆਤਮਘਾਤੀ ਹਮਲੇ, ਕਈ ਭਾਰਤੀਆਂ ਸਮੇਤ 17 ਲੋਕ ਮਾਰੇ ਗਏ

ਕਾਬੁਲ, 26 ਫਰਵਰੀ (ਵਿਸ਼ਵ ਵਾਰਤਾ)- ਅਫਗਾਨਿਸਤਾਨ ਦੀ ਰਾਜਧਾਨੀ ਅੱਜ ਆਤਮਘਾਤੀ ਹਮਲਾਵਰਾਂ ਦੇ ਸਿਲਸਿਲੇਵਾਰ ਧਮਾਕਿਆਂ ਨਾਲ ਕੰਬ ਉਠਿਆ। ਜਾਣਕਾਰੀ ਅਨੁਸਾਰ ਤਿੰਨ ਆਤਮਘਾਤੀ ਹਮਲਾਵਰਾਂ ਨੇ ਸਿਲਸਿਲੇਵਾਰ ਧਮਾਕੇ ਕੀਤੇ ਅਤੇ ਸੁਰੱਖਿਆ ਬਲਾਂ ਨਾਲ ਗੋਲੀਬਾਰੀ ਵੀ ਕੀਤੀ ਜਿਸ ਵਿਚ ਘੱਟੋ ਘੱਟ 17 ਲੋਕਾਂ ਦੀ ਮੌਤ ਹੋ ਗਈ ਤੇ 32 ਹੋਰ ਜ਼ਖਮੀ ਹੋ ਗਏ। ਮਰਨ ਵਾਲਿਆਂ ਵਿਚ ਕੁਝ ਭਾਰਤੀ ਵੀ ਸ਼ਾਮਿਲ ਹਨ। ਇਨ੍ਹਾਂ ਧਮਾਕਿਆਂ ਦੀ ਜ਼ਿੰਮੇਵਾਰੀ ਅੱਤਵਾਦੀ ਸੰਗਠਨ ਤਾਲਿਬਾਨ ਨੇ ਲੈਂਦਿਆਂ ਕਿਹਾ ਹੈ ਕਿ ਪੰਜ ਆਤਮਘਾਤੀ ਹਮਲਾਵਰਾਂ ਨੇ ਅੱਜ ਸਵੇਰੇ ਦੋ ਇਮਾਰਤਾਂ ਵਿਚ ਧਮਾਕੇ ਕੀਤਾ। ਇਨ੍ਹਾਂ ਇਮਾਰਤਾਂ ਦੀ ਵਰਤੋਂ ਵਿਦੇਸ਼ੀ ਨਾਗਰਿਕ ਕਰਦੇ ਸਨ। ਦੂਸਰੇ ਪਾਸੇ ਪੁਲਿਸ ਨੇ ਇਨ੍ਹਾਂ ਧਮਾਕਿਆਂ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ (ਬਾਕੀ ਸਫਾ 2 'ਤੇ)

ਸਮਾਜ ਸੇਵੀ ਤੇ ਧਾਰਮਿਕ ਬਿਰਤੀ ਵਾਲੇ ਗੁਰਬੰਤ ਸਿੰਘ ਨਮਿੱਤ ਸ਼ਰਧਾਂਜਲੀ ਸਮਾਰੋਹ ਅੱਜ

ਜਲੰਧਰ, 26 ਫਰਵਰੀ (ਹਰਪ੍ਰੀਤ ਸਿੰਘ ਲੇਹਿਲ)-ਧਾਰਮਿਕ, ਸਮਾਜਿਕ, ਸਾਹਿਤਕ ਅਤੇ ਸਭਿਆਚਾਰਕ ਭਾਈਚਾਰਕ ਸਾਂਝ ਅਤੇ ਹਮੇਸ਼ਾ ਮਨੁੱਖਤਾ ਦੀ ਸੇਵਾ ਖਿੜੇ ਮੱਥੇ ਕਰਨ ਨੂੰ ਪਹਿਲ ਦੇਣ ਵਾਲੇ ਆਸੀ ਘਰਾਣੇ ਦੇ ਮਾਣ ਸ. ਗੁਰਬੰਤ ਸਿੰਘ ਵਾਸੀ ਸੰਤ ਨਗਰ ਜੋ ਮਿਤੀ 20 ਫਰਵਰੀ ਸ਼ਨੀਵਾਰ ਨੂੰ ਅਚਾਨਕ ਸਵਰਗ ਸਿਧਾਰ ਗਏ ਸਨ, ਦੇ ਨਮਿੱਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ 27 ਫਰਵਰੀ ਸ਼ਨੀਵਾਰ ਨੂੰ ਮੁਹੱਲਾ ਸੰਤ ਨਗਰ ਲਾਡੋਵਾਲੀ ਰੋਡ ਜਲੰਧਰ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੇ ਸਪੁੱਤਰ ਸ. ਅਜੀਤ ਸਿੰਘ, ਗੁਰਬਖਸ਼ ਸਿੰਘ ਅਤੇ ਜਸਵਿੰਦਰ ਸਿੰਘ ਨੇ ਦੱਸਿਆ ਕਿ ਸ਼ਰਧਾਂਜਲੀ ਸਮਾਰੋਹ ਗੁਰਦੁਆਰਾ ਸਿੰਘ ਸਭਾ ਸੰਤ ਨਗਰ ਵਿਖੇ ਆਯੋਜਿਤ ਹੋਵੇਗਾ। ਇਸ ਗੁਰਦੁਆਰਾ ਸਾਹਿਬ ਦੇ ਲੰਬਾ ਸਮਾਂ ਖਜ਼ਾਨਚੀ ਰਹਿਣ ਦੇ ਨਾਲ-ਨਾਲ ਨਿਮਾਣੇ ਸੇਵਾਦਾਰ ਵਜੋਂ ਸ. ਗੁਰਬੰਤ ਸਿੰਘ ਹੋਰਾਂ ਵੱਡੀ ਸੇਵਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 300 ਸਾਲਾ ਗੁਰਤਾਗੱਦੀ ਸ਼ਤਾਬਦੀ ਸਮੁੱਚੇ ਸਿੱਖ ਪੰਥ ਵੱਲੋਂ ਮਨਾਏ ਜਾਣ ਦੌਰਾਨ ਇਸ ਸ਼ਤਾਬਦੀ ਨੂੰ ਯਾਦਗਾਰੀ ਬਣਾਈ ਰੱਖਣ ਲਈ ਗੁਰਦੁਆਰਾ ਸਾਹਿਬ ਵਿਖੇ ਹਰੇਕ ਮਹੀਨੇ ਸਹਿਜ ਪਾਠ ਆਰੰਭ ਕਰਨ ਅਤੇ ਸੰਗਰਾਂਦ ਦੇ ਦਿਹਾੜੇ ਭੋਗ ਪਾਉਣ ਦੀ ਜੋ ਸੰਗਤ ਦੇ ਸਹਿਯੋਗ ਨਾਲ ਸੇਵਾ ਆਰੰਭੀ ਗਈ ਉਸ ਦਾ ਆਰੰਭ ਵੀ ਸ. ਗੁਰਬੰਤ ਸਿੰਘ ਹੋਰਾਂ ਨੇ ਖੁਦ ਸਹਿਜ ਪਾਠ ਦਾ ਆਰੰਭ ਕਰਕੇ ਕੀਤਾ। ਇਸ ਸੇਵਾ ਨੂੰ ਲਗਾਤਾਰ ਚੱਲਦਾ ਰੱਖਣ ਲਈ ਉਨ੍ਹਾਂ ਨੇ ਮੁਹੱਲੇ ਦੀਆਂ ਸਮੂਹ ਸੰਗਤਾਂ ਨੂੰ ਵੱਧ ਤੋਂ ਵੱਧ ਗੁਰਦੁਆਰਾ ਸਾਹਿਬ ਜਾ ਕੇ (ਬਾਕੀ ਸਫਾ 2 'ਤੇ)

ਖਾਲਸਾਈ ਜਾਹੋ ਜਲਾਲ ਨਾਲ ਹੋਲੇ-ਮਹੱਲੇ ਦੀ ਸ਼ੁਰੂਆਤ

ਭਾਰੀ ਗਿਣਤੀ 'ਚ ਸੰਗਤ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵੱਲ ਵਹੀਰਾਂ

ਸ੍ਰੀ ਅਨੰਦਪੁਰ ਸਾਹਿਬ, 26 ਫਰਵਰੀ (ਦਿਨੇਸ਼ ਨੱਢਾ)-ਖਾਲਸੇ ਦੀ ਜਨਮ ਭੂਮੀ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਤਿੰਨ ਦਿਨਾਂ ਹੋਲਾ-ਮੁਹੱਲਾ ਅੱਜ ਪੂਰੀਆਂ ਧਾਰਮਿਕ ਰਹੁ-ਰੀਤਾਂ ਨਾਲ ਸ਼ੁਰੂ ਹੋ ਗਿਆ। ਵੱਡੀ ਗਿਣਤੀ ਵਿੱਚ ਸ਼ਰਧਾਲੂ ਸੰਗਤਾਂ ਗੁਰਦਆਰਾ ਤਖਤ ਸ਼੍ਰੀ ਕੇਸਗੜ੍ਹ ਸਾਹਿਬ, ਕਿਲਾ ਆਨੰਦਗੜ੍ਹ ਸਾਹਿਬ ਅਤੇ ਹੋਰ ਇਤਿਹਾਸਿਕ ਗੁਰਦੁਆਰਿਆਂ ਵਿਖੇ ਮੱਥਾ ਟੇਕ ਰਹੀਆਂ ਹਨ ਅਤੇ ਸਰੋਵਰ ਵਿੱਚ ਇਸ਼ਨਾਨ ਕਰ ਰਹੀਆਂ ਹਨ। ਇਸੇ ਦੌਰਾਨ ਰੂਪਨਗਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼੍ਰੀ ਪ੍ਰਿਆਂਕ ਭਾਰਤੀ, ਜ਼ਿਲ੍ਹਾ ਪੁਲਿਸ ਮੁੱਖੀ ਸ਼੍ਰੀ ਐਲ.ਕੇ.ਯਾਦਵ, ਮੇਲਾ ਅਫਸਰ-ਕਮ-ਐਸ.ਡੀ.ਐਮ. ਆਨੰਦਪੁਰ ਸਾਹਿਬ ਸ਼੍ਰੀ ਏ.ਪੀ.ਐਸ. ਸੰਧੂ ਨੇ ਅੱਜ ਪ੍ਰਸ਼ਾਸਨ ਵਲੋਂ ਸ਼ਰਧਾਲੂ ਸੰਗਤਾਂ ਦੀ ਸਹੂਲਤ ਲਈ ਕੀਤੇ ਵੱਖ-ਵੱਖ ਇਤਜਾਮਾਂ ਅਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਸ਼੍ਰੀ ਪ੍ਰਿਯਾਂਕ ਭਾਰਤੀ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੇਲੇ ਦੌਰਾਨ ਪੰਜਾਬ ਰੈਡ ਕਰਾਸ ਵਲੋਂ ਸ਼ਰਧਾਲੂ ਸੰਗਤਾਂ ਦੀ ਸੁਵਿਧਾ ਲਈ 16 ਫਸਟ-ਏਡ ਪੋਸਟਾਂ ਲਗਾਈਆਂ ਜਾ ਰਹੀਆਂ ਹਨ। ਇੰਨਾਂ ਫਸਟ ਏਡ ਪੋਸਟਾਂ ਤੇ ਪੰਜਾਬ ਰੈਡ ਕਰਾਸ ਦੇ ਲਗਭਗ 200 ਵਾਲੰਟੀਅਰ ਤਾਇਨਾਤ ਕੀਤੇ ਜਾਣਗੇ। ਇੰਨਾਂ ਫਸਟ-ਏਡ ਪਸਟਾਂ ਤੇ ਤਾਇਨਾਤ ਵਾਲਟੀਅਰ ਸ਼ਰਧਾਲੂਆਂ ਦੀ ਹਰ ਤਰ੍ਹਾਂ ਦੀ ਅਗਵਾਈ ਕਰਣਗੇ ਅਤੇ ਗੁੰਮਸ਼ੁਦਾ ਬੱਚਿਆਂ ਦੀ ਸਾਂਭ-ਸੰਭਾਲ ਲਈ ਵੀ ਕੰਮ ਕਰਨਗੀਆਂ ਅਤੇ ਇੰਨਾਂ ਪੋਸਟਾਂ ਤੇ ਫਸਟਏਡ ਨਾਲ ਸਬੰਧਤ ਦਵਾਈਆਂ ਆਦਿ ਮੁਫਤ ਮੁਹੱਈਆ ਕਰਵਾਈਆਂ ਜਾਣਗੀਆਂ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਲ੍ਹ 27 ਫਰਵਰੀ ਤੋਂ ਵੱਖ-ਵੱਖ ਵਿਭਾਗਾਂ ਵਲੋਂ ਐਸ.ਜੀ.ਪੀ.ਸੀ. ਗਰਾਉਂਡ ਵਿਖੇ ਪੰਜਾਬ ਦੇ ਵਿਕਾਸ ਨੂੰ ਦਰਸਾਉਂਦੀਆਂ ਪ੍ਰਦਰਸ਼ਨੀਆਂ ਲਗਾਈਆ ਜਾ ਰਹੀਆਂ ਹਨ। ਜਿੰਨਾਂ ਦਾ ਉਦਘਾਟਨ ਕੱਲ੍ਹ 27 ਫਰਵਰੀ ਨੂੰ ਸਵੇਰੇ 11.00 ਵਜੇ ਕੀਤਾ ਜਾਵੇਗਾ। ਸ਼ਰਧਾਲੂਆਂ ਦੀ ਸਹੂਲਤ ਲਈ ਰੂਪਨਗਰ ਜ਼ਿਲ੍ਹਾ ਮੈਜਿਸਟਰੇਟ ਨੇ ਰੂਪਨਗਰ ਜ਼ਿਲ੍ਹੇ ਵਿਚੋਂ ਲੰਘਦੇ ਨੈਸ਼ਨਲ ਹਾਈਵੇਅ ਤੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਜਾਰੀ ਰੱਖਣ ਲਈ ਤੋਂ 1 ਮਾਰਚ ਤੱਕ ਵਾਹਨਾਂ ਲਈ ਰੂਟ ਡਾਇਵਰਸ਼ਨ ਦੇ ਹੁਕਮ ਜਾਰੀ ਕੀਤੇ ਹਨ ਇਹਨਾਂ ਹੁਕਮਾਂ ਅਧੀਨ 1 ਮਾਰਚ ਤੱਕ ਰੂਪਨਗਰ ਤੋਂ ਕੀਰਤਪੁਰ ਸਾਹਿਬ ਅਤੇ ਮਨਾਲੀ ਵਿਖੇ ਜਾਣ ਵਾਲੇ ਟਰੱਕਾਂ ਲਈ ਬਦਲਵਾਂ ਰੂਟ ਘਨੌਲੀ, ਨਾਲਾਗੜ੍ਹ ਅਤੇ ਸਵਾਰਘਾਟ ਰਾਹੀਂ ਹੋਵੇਗਾ। ਇਸੇ ਤਰ੍ਹਾਂ 28 ਫਰਵਰੀ ਨੂੰ ਰੂਪਨਗਰ ਤੋਂ ਨੰਗਲ ਵਿਖੇ ਜਾਣ ਵਾਲੀਆਂ ਬੱਸਾਂ ਲਈ ਬਦਲਦਵੇਂ ਪ੍ਰਬੰਧ ਵਜੋਂ ਇਹ ਬਸਾ ਨੂਰਪੁਰਬਦੀ, ਝੱਜ ਚੱਕ, ਅਗਮਪੁਰ, ਲਗ ਮਾਜਰੀ ਰਾਹੀਂ ਨੰਗਲ ਵਿਖੇ ਜਾਣਗੀਆਂ। ਮੇਲੇ ਦੌਰਾਨ ਕਿਸੇ ਕਿਸਮ ਦੀ ਅਣਸੁਖਾਵੀਂ ਘਟਨਾ ਅਤੇ ਲੜਾਈ ਝਗੜੇ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਜ਼ਿਲ੍ਹਾ ਮੈਜਿਸਟਰੇਟ ਨੇ 1 ਮਾਰਚ ਤੱਕ ਕਿਸੇ ਵੀ ਵਿਅਕਤੀ ਵਲੋਂ ਅਸਲਾ ਲੈ ਕੇ ਚੱਲਣ ਦੀ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਪਾਬੰਦੀ ਦੇ ਇਹ ਹੁਕਮ ਡਿਊਟੀ ਤੇ ਤਾਇਨਾਤ ਪੁਲਿਸ ਅਤੇ ਪੈਰਾ ਮਿਲਟਰੀ ਫੋਰਸਿਜ ਦੇ ਅਧਿਕਾਰੀਆਂ/ਕਰਮਚਾਰੀਆਂ ਤੇ ਲਾਗੂ ਨਹੀਂ ਹੋਵੇਗਾ। ਇੱਕ ਹੋਰ ਵੱਖਰੇ ਹੁਕਮ ਰਾਹੀਂ ਜ਼ਿਲ੍ਹਾ ਮੈਜਿਸਟਰੇਟ ਨੇ ਪੰਜਾਬ ਆਬਕਾਰੀ ਐਕਟ 1954 ਅਧੀਨ ਕੀਰਤਪੁਰ ਸਾਹਿਬ ਅਤੇ ਆਨੰਦਪੁਰ ਸਾਹਿਬ ਵਿਖੇ ਹੋਲੇ-ਮੁਹੱਲੇ ਦੇ ਤਿਉਹਾਰ ਦੇ ਮੌਕੇ ਤੇ ਕੀਰਤਪੁਰ ਸਾਹਿਬ ਅਤੇ ਆਨੰਦਪੁਰ ਸਾਹਿਬ ਦੇ ਪੰਜ ਕਿਲੋਮੀਟਰ ਦੇ ਘੇਰੇ ਅੰਦਰ ਆਉਂਦੇ ਸ਼ਰਾਬ ਦੇ ਠੇਕੇ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਕੀਰਤਪੁਰ ਸਾਹਿਬ ਦੇ ਖੇਤਰ ਵਿੱਚ ਇਹ ਠੇਕੇ 24 ਤੋਂ26 ਫਰਵਰੀ ਤੱਕ ਅਤੇ ਆਨੰਦਪੁਰ ਸਾਹਿਬ ਦੇ ਖੇਤਰ ਵਿੱਚ 27 ਫਰਵਰੀ ਤੋਂ ਪਹਿਲੀ ਮਾਰਚ ਤੱਕ ਬੰਦ ਰਹਿਣਗੇ। ਇਸ ਤੋਂ ਇਲਾਵਾ ਹੋਲੇ-ਮਹੱਲੇ ਦੌਰਾਨ ਗੁਲਾਲ ਦੀ ਵਰਤੋਂ ਤੇ ਵੀ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। (ਬਾਕੀ ਸਫਾ 2 'ਤੇ)

ੴ ਸਤਿਗੁਰ ਪ੍ਰਸਾਦਿ।
ਜਿਸਕੀ ਵਸਤ ਤਿਸੁਹੀ ਲੈ ਜਾਏਗਾ ਮਾਨਸ ਕਿਆ ਵਿਚਾਰਾ ਰਾਮ।

ਪਾਠ ਦਾ ਭੋਗ

ਸ: ਗੁਰਿੰਦਰਜੀਤ ਸਿੰਘ ਧਾਲੀਵਾਲ

ਆਪ ਜੀ ਨੂੰ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਦਾਮਾਦ ਸ: ਗੁਰਿੰਦਰਜੀਤ ਸਿੰਘ ਧਾਲੀਵਾਲ ਡਿਪਟੀ ਐਡਵੋਕੇਟ ਜਨਰਲ, ਪੰਜਾਬ (ਸਪੁੱਤਰ ਸ: ਗੁਰਚਰਨ ਸਿੰਘ ਧਾਲੀਵਾਲ) ਪ੍ਰਮਾਤਮਾ ਦੇ ਹੁਕਮ ਅਨੁਸਾਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਮਿਤੀ 23 ਫਰਵਰੀ 2010 ਦਿਨ ਮੰਗਲਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਦੀ ਆਤਮਿਕ ਸ਼ਾਂਤੀ ਲਈ

ਅੰਤਿਮ ਅਰਦਾਸ

ਮਿਤੀ 28 ਫਰਵਰੀ 2010 ਦਿਨ ਐਤਵਾਰ ਨੂੰ ਦੁਪਹਿਰ 12.00 ਵਜੇ ਉਨ੍ਹਾਂ ਦੇ ਗ੍ਰਹਿ ਪਿੰਡ ਸੁਕਾਲਾ, ਨਜਦੀਕ ਸ੍ਰੀ ਹਰਗੋਬਿੰਦਪੁਰ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਵੇਗੀ। ਆਪ ਜੀ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

ਵੱਲੋਂ:
ਬਾਬਾ ਪਰਮਜੀਤ ਸਿੰਘ ਬਧੇਸ਼ਾ
ਪਿੰਡ ਢੰਡੋਵਾਲ, ਤਹਿ: ਸ਼ਾਹਕੋਟ, ਜ਼ਿਲ੍ਹਾ ਜਲੰਧਰ
ਅਤੇ ਸਮੂਹ ਧਾਲੀਵਾਲ, ਢਿੱਲੋਂ ਅਤੇ ਸੰਧੂ ਪਰਿਵਾਰ
ਮੋਬਾਇਲ: 98141-98667, 98151-35869